BC Centre for Disease Control
Provincial Health Services Authority

SMARTSEX RESOURCE

# ਬੈਕਟੀਰੀਅਲ ਵੈਜੀਨੋਸਿਸ (ਬੀ.ਵੀ.)
# Bacterial Vaginosis (BV)

ਬੈਕਟੀਰੀਅਲ ਵੈਜੀਨੋਸਿਸ (ਬੀ.ਵੀ.) ਯੋਨੀ ਜਾਂ ਗੁਪਤ ਅੰਗਾਂ ਦੇ ਅੰਦਰ ਕੁਦਰਤੀ ਤੌਰ ’ਤੇ ਮੌਜੂਦ ਸਿਹਤ-ਪੱਖੀ ਜਰਾਸੀਮਾਂ ਵਿੱਚ ਆਇਆ ਅਸੰਤੁਲਨ ਹੁੰਦਾ ਹੈ। ਜਦੋਂ ਹਾਲਾਤ ਬਦਲਦੇ ਹਨ ਤਾਂ ਕੁਝ ਜਰਾਸੀਮਾਂ ਦੀ ਗਿਣਤੀ ਵਿੱਚ ਵਾਧਾ ਹੋਣ ਕਾਰਣ ਇਹ ਲੱਛਣ ਪੈਦਾ ਹੋ ਜਾਂਦੇ ਹਨ। ਲਾਗ ਸਿਰਫ਼ ਯੋਨੀ/ਅੰਦਰੂਨੀ ਗੁਪਤ ਅੰਗਾਂ ਵਿੱਚ ਹੀ ਲਗ ਸਕਦੀ ਹੈ।

ਐਂਟੀਬਾਇਓਟਿਕ ਦਵਾਈਆਂ ਨਾਲ ਬੀ.ਵੀ. ਦਾ ਇਲਾਜ ਕੀਤਾ ਜਾ ਸਕਦਾ ਹੈ।

## ਕਾਰਣ Causes

ਜਰਾਸੀਮਾਂ ਵਿੱਚ ਅਸੰਤੁਲਨ ਦੀ ਵਜ੍ਹਾ ਬਾਰੇ ਸਪਸ਼ਟ ਪਤਾ ਨਹੀਂ ਹੈ, ਪਰ ਕੁਝ ਗੱਲਾਂ ਕਰ ਕੇ ਤੁਹਾਨੂੰ ਇਹ ਹੋਣ ਦੇ ਆਸਾਰ ਵਧ ਜਾਂਦੇ ਹਨ। ਬੀ.ਵੀ. ਹੋਣ ਦੇ ਆਸਾਰ ਜ਼ਿਆਦਾ ਹੁੰਦੇ ਹਨ ਜੇ:

- ਤੁਸੀਂ ਕਿਸੇ ਨਵੇਂ ਸਾਥੀ ਨਾਲ ਜਾਂ ਇੱਕ ਤੋਂ ਜ਼ਿਆਦਾ ਸਾਥੀਆਂ ਨਾਲ ਸੰਭੋਗ ਕਰਦੇ ਹੋ
- ਤੁਹਾਨੂੰ ਕੋਈ ਹੋਰ ਜਿਨਸੀ ਰੋਗ ਹੋਇਆ ਹੈ (ਐੱਸ.ਟੀ.ਆਈ.)
- ਤੁਹਾਡੇ ਆਈ.ਯੂ.ਡੀ. (ਗਰਭ ਨਿਰੋਧਨ ਲਈ ਬੱਚੇਦਾਨੀ ਵਿੱਚ ਰੱਖਿਆ ਉਪਕਰਨ) ਲੱਗਾ ਹੋਇਆ ਹੈ
- ਤੁਸੀਂ ਸਿਗਰੇਟ ਪੀਂਦੇ ਹੋ
- ਤੁਸੀਂ ਡੂਸ਼ ਕਰਦੇ ਹੋ (ਯੋਨੀ ਨੂੰ ਅੰਦਰੋਂ ਸਾਫ਼ ਕਰਨ ਲਈ ਪਾਣੀ ਜਾਂ ਹੋਰ ਤਰਲ ਪਦਾਰਥਾਂ ਦਾ ਘੋਲ ਇਸਤੇਮਾਲ ਕਰਨਾ)

## ਲੱਛਣ Symptoms

ਜੇ ਤੁਹਾਨੂੰ ਬੀ.ਵੀ. ਹੈ ਤਾਂ ਇਸ ਦੇ ਕੋਈ ਵੀ ਲੱਛਣ ਮਹਿਸੂਸ ਨਾ ਹੋਣਾ ਆਮ ਹੈ। ਯੋਨੀ ਵਿੱਚੋਂ ਆਮ ਨਾਲੋਂ ਜ਼ਿਆਦਾ ਨਿਕਾਸ ਹੋਣਾ ਅਤੇ ਮੱਛੀ ਵਰਗੀ ਗੰਧ ਆਉਣੀ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ। ਇਸ ਕਾਰਣ ਯੋਨੀ ਦੇ ਆਲ਼ੇ-ਦੁਆਲ਼ੇ ਜਲ਼ਣ/ਖਾਰਸ਼ ਵੀ ਹੋ ਸਕਦੀ ਹੈ।

## ਟੈਸਟ ਅਤੇ ਰੋਗ ਦੀ ਪਛਾਣ Tests and Diagnosis

ਬੀ.ਵੀ. ਵਾਸਤੇ ਟੈਸਟ ਕਰਨ ਲਈ ਤੁਹਾਡੇ ਕੋਲ ਕਈ ਚੋਣਾਂ ਉਪਲਬਧ ਹਨ। ਟੈਸਟ ਲਈ ਆਮ ਤੌਰ ’ਤੇ ਜਾਂਚ ਅਤੇ ਫੈਹੇ ਦੀ ਵਰਤੋਂ ਕੀਤੀ ਜਾਂਦੀ ਹੈ। ਬੀ.ਵੀ. ਲਈ ਜਾਂਚ ਕਰਵਾਉਣੀ ਵਧੀਆ ਰਹਿੰਦੀ ਹੈ ਜੇ:

- ਤੁਸੀਂ ਇਸ ਦੇ ਲੱਛਣ ਮਹਿਸੂਸ ਕਰ ਰਹੇ ਹੋ
- ਤੁਹਾਡੇ ਯੋਨੀ/ਅੰਦਰੂਨੀ ਗੁਪਤ ਅੰਗ ਹਨ ਅਤੇ ਤੁਹਾਡੇ ਕਾਮੁਕ ਸਾਥੀ ਵਿੱਚ ਬੀ.ਵੀ. ਦੀ ਪਛਾਣ ਕੀਤੀ ਗਈ ਹੈ

**ਵਿੰਡੋ ਪੀਰੀਅਡ (ਟੈਸਟ ਕਰਨ ਤੋਂ ਪਹਿਲਾਂ ਕਿੰਨੀ ਦੇਰ ਇੰਤਜ਼ਾਰ ਕਰਨਾ ਹੈ): Window Period (how long to wait before testing):**

ਟੈਸਟਾਂ ਦੇ ਨਤੀਜੇ ਬਹੁਤੀ ਵਾਰ ਤੁਹਾਡੇ ਵਿੱਚ ਲੱਛਣ ਉੱਭਰ ਜਾਣ ਤੋਂ ਬਾਅਦ ਹੀ ਸਹੀ ਹੁੰਦੇ ਹਨ। ਬ੍ਰਿਟਿਸ਼ ਕੋਲੰਬੀਆ ਵਿੱਚ ਜ਼ਿਆਦਾਤਰ ਟੈਸਟ ਨਤੀਜੇ 10 ਦਿਨਾਂ ਦੇ ਅੰਦਰ-ਅੰਦਰ ਤਿਆਰ ਹੋ ਜਾਣੇ ਚਾਹੀਦੇ ਹਨ।

## ਇਲਾਜ Treatment

ਬੀ.ਵੀ. ਦਾ ਇਲਾਜ ਡਾਕਟਰ ਦੇ ਲਿਖਿਆਂ ਮਿਲਣ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਨਾਲ ਕੀਤਾ ਜਾਂਦਾ ਹੈ। ਆਪਣੀਆਂ ਸਾਰੀਆਂ ਦਵਾਈਆਂ ਨੂੰ ਨਿਰਦੇਸ਼ਾਂ ਮੁਤਾਬਕ ਲੈਣਾ ਜਰੂਰੀ ਹੈ। ਜੇ ਤੁਸੀਂ ਕੋਈ ਗੋਲ਼ੀਆਂ ਲੈਣੀਆਂ ਖੁੰਝਾ ਦਿਓ ਤਾਂ ਹੋ ਸਕਦਾ ਹੈ ਕਿ ਲਾਗ ਦਾ ਇਲਾਜ ਸਫ਼ਲ ਨਾ ਹੋਵੇ। ਜੇ ਅਜਿਹਾ ਹੋਵੇ ਜਾਂ ਇਲਾਜ ਸ਼ੁਰੂ ਕਰਨ ਤੋਂ ਇੱਕ ਹਫ਼ਤਾ ਬਾਅਦ ਤਕ ਵੀ ਜੇ ਤੁਹਾਨੂੰ ਬੀ.ਵੀ. ਸੰਬੰਧੀ ਲੱਛਣ ਮਹਿਸੂਸ ਹੋਣ ਤਾਂ ਆਪਣੇ ਇਲਾਜ-ਕਰਤਾ ਨੂੰ ਮਿਲੋ।

ਬੀ.ਵੀ. ਦੇ ਇਲਾਜ ਲਈ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਦਵਾਈਆਂ ਬੀ.ਸੀ. ਵਿੱਚ ਮੁਫ਼ਤ ਉਪਲਬਧ ਹਨ। ਆਪਣੇ ਇਲਾਜ-ਕਰਤਾ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਪੁੱਛੋ ਕਿ ਕੀ ਇਹ ਦਵਾਈਆਂ ਉਨ੍ਹਾਂ ਦੇ ਸਟਾਕ ਵਿੱਚ ਮੌਜੂਦ ਹਨ।

## ਕਾਮੁਕ ਸਾਥੀ Sexual Partners

ਸਿਰਫ਼ ਉਨ੍ਹਾਂ ਕਾਮੁਕ ਸਾਥੀਆਂ ਦਾ ਹੀ ਟੈਸਟ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਦੇ ਯੋਨੀ/ਅੰਦਰੂਨੀ ਗੁਪਤ ਅੰਗ ਹੁੰਦੇ ਹਨ।

## ਉਲਝਣਾਂ Complications

ਬੀ.ਵੀ. ਕਾਰਣ ਆਮ ਤੌਰ ’ਤੇ ਹੋਰ ਸਿਹਤ ਸਮੱਸਿਆਵਾਂ ਨਹੀਂ ਆਉਦੀਆਂ। ਪਰ ਇਸ ਕਾਰਣ ਗੰਭੀਰ ਉਲਝਣਾਂ ਪੈਦਾ ਹੋ ਸਕਦੀਆਂ ਹਨ, ਜਿਵੇਂ ਕਿ:

- ਤੁਹਾਨੂੰ ਐੱਚ.ਆਈ.ਵੀ. ਹੋਣ ਅਤੇ ਤੁਹਾਡੇ ਤੋਂ ਕਿਸੇ ਹੋਰ ਨੂੰ ਫੈਲਣ ਦੇ ਜ਼ਿਆਦਾ ਆਸਾਰ
- ਪੇਡੂ ਵਿੱਚ ਸੋਜਿਸ਼ ਹੋਣ ਦੀ ਬਿਮਾਰੀ

**ਗਰਭਵਤੀ ਹੋਣਾ:** ਜੇ ਤੁਹਾਨੂੰ ਬੀ.ਵੀ. ਹੈ ਤਾਂ ਆਪਣੇ ਇਲਾਜ-ਕਰਤਾ ਨੂੰ ਦੱਸੋ ਕਿਉਂਕਿ ਇਸ ਕਾਰਣ ਗਰਭ ਕਾਲ ਦੌਰਾਨ ਉਲਝਣਾਂ ਪੈਦਾ ਹੋ ਸਕਦੀਆਂ ਹਨ।

## ਰੋਕਥਾਮ Prevention

ਜੇ ਤੁਹਾਡੇ ਨਵੇਂ ਕਾਮੁਕ ਸਾਥੀ ਹਨ ਜਾਂ ਤੁਸੀਂ ਬੇਪਾਬੰਦਗੀ ਵਾਲੇ ਖੁੱਲ੍ਹੇ ਪ੍ਰੇਮ ਸੰਬੰਧਾਂ ਵਿੱਚ ਹੋ ਤਾਂ ਤੁਹਾਨੂੰ ਕਾਮ ਭੋਗਤਾ ਕਾਰਣ ਲੱਗਣ ਵਾਲੀਆਂ ਬਿਮਾਰੀਆਂ (ਐੱਸ.ਟੀ.ਆਈ.) ਵਾਸਤੇ ਵਿਸ਼ੇਸ਼ ਤੌਰ ’ਤੇ ਬਾਕਾਇਦਾ ਟੈਸਟ ਕਰਾਉਣੇ ਚਾਹੀਦੇ ਹਨ। ਆਪਣੇ ਕਾਮੁਕ ਸਾਥੀਆਂ ਨਾਲ ਸੁਰੱਖਿਅਤ ਸੰਭੋਗ ਬਾਰੇ ਗੱਲ ਕਰਨ ਦਾ ਮਤਲਬ ਹੈ ਕਿ ਸਭ ਨੂੰ ਪਤਾ ਹੋਵੇਗਾ ਕਿ ਕੀ ਉਮੀਦ ਰੱਖਣੀ ਹੈ। ਜੇ ਨਿਰੋਧ ਤੁਹਾਡੇ ਲਈ ਸਹੀ ਕੰਮ ਕਰਨ ਤਾਂ ਇਹ ਵਧੀਆ ਰਹਿੰਦੇ ਹਨ – ਨਿਰੋਧ ਦਾ ਸਹੀ ਇਸਤੇਮਾਲ ਤੁਹਾਨੂੰ ਬੀ.ਵੀ. ਹੋਣ ਅਤੇ ਤੁਹਾਡੇ ਤੋਂ ਕਿਸੇ ਹੋਰ ਨੂੰ ਬੀ.ਵੀ. ਹੋਣ ਦੇ ਆਸਾਰ ਘਟਾਉਂਦਾ ਹੈ।

## ਵਸੀਲੇ Resources

**HealthLink BC (ਹੈਲਥਲਿੰਕ ਬੀ.ਸੀ.) – ਬੀ.ਵੀ. ਬਾਰੇ ਵੱਖ-ਵੱਖ ਭਾਸ਼ਾਵਾਂ ਵਿੱਚ ਜਾਣਕਾਰੀ**

https://www.healthlinkbc.ca/healthlinkbc-files/bacterial-vaginosis

**SmartSexResource (ਸਮਾਰਟ ਸੈਕਸ ਰੀਸੋਰਸ) – ਜੇ ਤੁਹਾਨੂੰ ਬੀ.ਵੀ. ਸੰਬੰਧੀ ਫ਼ਿਕਰ ਜਾਂ ਬੇਚੈਨੀ ਹੈ**

https://smartsexresource.com/topics/worry-and-anxiety

**TransCareBC (ਟ੍ਰਾਂਸ ਕੇਅਰ ਬੀ.ਸੀ.) – ਹਰ ਲਿੰਗ ਲਈ ਹਾਮੀ ਭਰਨ ਵਾਲੀ ਕਾਮੁਕ ਅਤੇ ਪੁਨਰ-ਉਤਪਤੀ ਸਿਹਤ ਜਾਣਕਾਰੀ**

http://www.phsa.ca/transcarebc/care-support/access-care/sexual-hlth